Note: The deadline for responses to the Notice to all persons in immigration detention on 31 January 2014 was 19 October 2018 and submissions have now closed. The Commissioner will continue to accept responses after the deadline from persons who:

a.have outstanding information requests to the Department, being persons who made a request or application to the Department of Home Affairs for information relevant to their response on or before 19 October 2018 but had not received a decision on their request or application at that time; or

b.were recently provided information by the Department, being persons who made a request or application to the Department of Home Affairs in advance of the 19 October 2018 deadline but received a decision on their request or application on or after 10 September 2018.

Persons who fall within (a) or (b) above will be permitted to provide a response to the Notice within 40 days of receipt of the decision on their request or application for information and the material the subject of that decision. Persons who are understood to fall within (a) or (b) above will be contacted individually by the Department of Home Affairs.

ਨੋਟ: 31 ਜਨਵਰੀ 2014 ਨੂੰ ਇਮੀਗਰੇਸ਼ਨ ਰੋਕਥਾਮ ਵਿੱਚ ਬੰਦ ਸਾਰੇ ਵਿਅਕਤੀਆਂ ਨੂੰ ਨੋਟਿਸ ਦਾ ਜਵਾਬ ਦੇਣ ਲਈ 19 ਅਕਤੂਬਰ 2018 ਦਾ ਸਮਾਂ ਨਿਯੁਕਤ ਕੀਤਾ ਗਿਆ ਸੀ ਜੋ ਹੁਣ ਬੰਦ ਹੋ ਚੁਕਿਆ ਹੈ। ਤਾਰੀਖ ਬੀਤ ਜਾਣ ਬਾਦ ਵੀ ਕਮਿਸ਼ਨਰ ਉਨ੍ਹਾਂ ਲੋਕਾਂ ਤੋਂ ਜਵਾਬ ਸਵੀਕਾਰ ਕਰਦਾ ਰਹੇਗਾ ਜਿਨ੍ਹਾਂ:

a. ਵਿਭਾਗ ਕੋਲੋਂ ਬਕਾਇਆ ਜਾਣਕਾਰੀ ਮੰਗੀ ਹੇ, ਇਹ ਉਹ ਲੋਕ ਹਨ ਜਿਨ੍ਹਾਂ ਨੇ ਡੀਪਾਰਟਮੈਂਟ ਆਫ ਹੋਮ ਅਫੇਅਰਜ਼ (ਗ੍ਰਹਿ ਮਾਮਲਿਆਂ ਦਾ ਵਿਭਾਗ) ਤੋਂ 19 ਅਕਤੂਬਰ 2018 ਨੂੰ ਜਾਂ ਉਸ ਤੋਂ ਪਹਿਲਾਂ ਢੁੱਕਵੀਂ ਜਾਣਕਾਰੀ ਲਈ ਬੇਨਤੀ ਕੀਤੀ ਸੀ ਜਾਂ ਬਿਨੈ-ਪੱਤਰ ਦਰਜ ਕੀਤਾ ਸੀ ਜੋ ਕਿ ਉਨ੍ਹਾਂ ਦੇ ਜਵਾਬ ਲਈ ਲੋੜੀਂਦੀ ਸੀ ਅਤੇ ਉਨ੍ਹਾਂ ਨੂੰ ਆਪਣੀ ਬੇਨਤੀ ਜਾਂ ਬਿਨੈ-ਪੱਤਰ ਦਾ ਉਸ ਸਮੇਂ ਤੱਕ ਅਜੇ ਕੋਈ ਫੈਸਲਾ ਨਹੀਂ ਮਿਲਿਆ; ਜਾਂ

b. ਪਿਛਲੇ ਕੁੱਝ ਸਮੇਂ ਹੀ ਉਨ੍ਹਾਂ ਨੂੰ ਮਹਿਕਮੇਂ ਵਲੋਂ ਜਾਣਕਾਰੀ ਦਿੱਤੀ ਗਈ, ਭਾਂਵੇਂ ਕਿ ਇਹ ਉਹ ਲੋਕ ਹਨ ਜਿਨ੍ਹਾਂ ਨੇ 19 ਅਕਤੂਬਰ 2018 ਦੀ ਆਖਰੀ ਤਾਰੀਖ ਤੋਂ ਪਹਿਲਾਂ ਹੀ ਬੇਨਤੀ ਕੀਤੀ ਸੀ ਜਾਂ ਬਿਨੈ-ਪੱਤਰ ਦਰਜ ਕੀਤਾ ਸੀ ਪਰ ਇਨ੍ਹਾਂ ਨੂੰ ਆਪਣੀ ਬੇਨਤੀ ਜਾਂ ਬਿਨੈ-ਪੱਤਰ ਦਾ ਫੈਸਲਾ 10 ਸਪਤੰਬਰ 2018 ਨੂੰ ਜਾਂ ਇਸ ਤੋਂ ਬਾਦ ਮਿਲਿਆ।

ਜਿਹੜੇ ਲੋਕ ਉਪਰ ਦਿੱਤੇ (a) ਜਾਂ (b) ਵਿੱਚ ਆਉਂਦੇ ਹਨ, ਉਨ੍ਹਾਂ ਦੀ ਬੇਨਤੀ ਜਾਂ ਬਿਨੈ-ਪੱਤਰ ਬਾਰੇ ਦਿਤੇ ਗਏ ਫੈਂਸਲੇ ਅਤੇ ਉਸ ਫੈਂਸਲੇ ਦੇ ਵਿਸ਼ੇ ਬਾਰੇ ਜਵਾਬ ਦੇਣ ਲਈ ਇਜਾਜਤ ਦਿੱਤੀ ਜਾਵੇਗੀ ਕਿ ਉਹ ਉਸ ਫੈਂਸਲੇ ਦੇ ਮਿਲ ਜਾਣ ਤੋਂ ਬਾਦ 40 ਦਿਨ੍ਹਾਂ ਦੇ ਅੰਦਰ ਅੰਦਰ ਇਸ ਨੋਟਿਸ ਦਾ ਜਵਾਬ ਦੇਣ।
ਜਿਹੜੇ ਵਿੱਅਕਤੀ (a) or (b) ਵਿੱਚ ਆਉਂਦੇ ਹਨ ਉਨ੍ਹਾਂ ਨਾਲ ਵਿੱਅਕਤੀਗਤ ਤੌਰ ‘ਤੇ ਡੀਪਾਰਟਮੈਂਟ ਆਫ ਹੋਮ ਅਫੇਅਰਜ਼ ਵਲੋਂ ਸੰਪਰਕ ਕੀਤਾ ਜਾਵੇਗਾ।

**Australian Government**

**Office of the Australian Information Commissioner**

1.

2. ਉਨ੍ਹਾਂ ਸਾਰੇ ਵਿਅੱਕਤੀਆਂ ਲਈ ਜਿਹੜੇ **31 ਜਨਵਰੀ 2014 ਨੂੰ** ਇਮੀਗ੍ਰੇਸ਼ਨ ਸੁਵਿਧਾ ਵਿੱਚ ਨਜ਼ਰਬੰਧ ਸਨ।

3. **ਪਿਛੋਕੜ**

1. 10 ਫਰਵਰੀ 2014 ਨੂੰ, ਇਮੀਗ੍ਰੇਸ਼ਨ ਐਂਡ ਬਾਰਡਰ ਪ੍ਰੋਟੈਕਸ਼ਨ ਮਹਿਕਮਾ **(ਮਹਿਕਮਾ)** (the Department of Immigration and Border Protection (**Department**) ਨੇ ਆਪਣੀ ਵੈਬਸਾਈਟ 'ਤੇ ਗਲਤੀ ਨਾਲ ਇੱਕ ਨਜ਼ਰਬੰਧਾਂ ਸਬੰਧੀ ਰਿਪੋਟ ਪ੍ਰਕਾਸ਼ਤ ਕੀਤੀ ਸੀ। ਉਸ ਰੀਪੋਟ ਵਿੱਚ 31 ਜਨਵਰੀ 2014 ਨੂੰ ਜਿਹੜੇ ਵਿਅੱਕਤੀ ਇਮੀਗ੍ਰਸ਼ਨ ਨਜ਼ਰਬੰਧੀ ਦੀਆਂ ਸਹੂਲਤਾਂ ਵਿੱਚ, ਕਮਯੂਨਿਟੀ ਵਿੱਚ ਜਾਂ ਨਜ਼ਰਬੰਧੀ ਦੇ ਵਿਕਲਪਕ ਸਥਾਨਾਂ ਵਿਚ ਹੀ ਰਹਿੰਦੇ ਹੋਏ ਆਪਣੇ ਫੈਂਸਲਿਆਂ ਦੀ ਉਡੀਕ ਕਰ ਰਹੇ ਸਨ, ਦੀ ਨਿੱਜੀ ਜਾਣਕਾਰੀ ਪ੍ਰਕਾਸ਼ਿਤ ਕੀਤੀ ਗਈ ਸੀ (**Data Breach**)।.

1. ਇਹ ਨਿੱਜੀ ਜਾਣਕਾਰੀ ਮਹਿਕਮੇ ਦੀ ਵੈਬਸਾਈਟ ਤੋਂ 19 ਫਰਵਰੀ ਨੂੰ 2014 ਨੂੰ ਲਾਹ ਦਿੱਤੀ ਗਈ ਸੀ ਅਤੇ ਇੰਟਰਨੈਟ ਆਰਕਾਈਵ ਤੋਂ 27 ਫਰਵਰੀ 2014 ਨੂੰ।

2. 30 ਅਗੱਸਤ 2015 ਨੂੰ, ਉਨ੍ਹਾਂ ਸਾਰੇ ਵਿਅੱਕਤੀਆਂ ਜਿਨ੍ਹਾਂ ਦੀ ਨਿੱਜੀ ਜਾਣਕਾਰੀ ਮਹਿਕਮੇ ਵਲੋਂ ਗਲਤੀ ਨਾਲ ਪ੍ਰਕਾਸ਼ਿਤ ਕੀਤੀ ਗਈ ਸੀ ਦੀ ਤਰਫੋਂ ਕਮਿਸ਼ਨਰ ਅੱਗੇ ਇੱਕ ਪ੍ਰਤੀਨਿੱਧ ਸ਼ਿਕਾਇਤ ਕੀਤੀ ਗਈ **(ਪ੍ਰਤੀਨਿੱਧ ਸ਼ਿਕਾਇਤ)** (**Representative Complaint**).

4. **ਪ੍ਰਤੀਨਿੱਧ ਸ਼ਿਕਾਇਤ ਕੀ ਹੁੰਦੀ ਹੈ**?

3. ਪ੍ਰਤੀਨਿੱਧ ਸ਼ਿਕਾਇਤ ਇੱਕ ਵਿਅੱਕਤੀ ਵਲੋਂ ਪ੍ਰਾਇਵਿਸੀ ਐਕਟ *1988 (Privacy Act 1988)* (Cth) ਅਧੀਨ ਕੀਤੀ ਸ਼ਿਕਾਇਤ ਹੁੰਦੀ ਹੈ ਜਿਹੜੀ ਉਨ੍ਹਾਂ ਹੋਰਨਾਂ ਵਿਅਕਤੀਆਂ ਦੀ ਤਰਫੋਂ ਵੀ ਹੋਵੇ ਜਿਨ੍ਹਾਂ ਦੀ ਕਿਸੇ ਅਜਿਹੀ ਕਾਰਵਾਈ ਜਾਂ ਅਭਿਆਸ ਸਬੰਧੀ ਉਨ੍ਹਾਂ ਦੀ ਨਿੱਜਤਾ ਨਾਲ ਦਖਲ ਅੰਦਾਜ਼ੀ ਹੋਵੇ ਅਤੇ ਸ਼ਿਕਾਇਤ ਕਰਤਾ ਨਾਲ ਮੇਲ ਰੱਖਦੀ ਸ਼ਿਕਾਇਤ ਹੋਵੇ। ਕਮਿਸ਼ਨਰ ਇਹ ਐਲਾਨ ਕਰ ਸਕਦਾ ਹੈ ਕਿ ਸ਼ਿਕਾਇਤ ਸਬੰਧੀ ਇਸ ਕਲਾਸ ਦੇ ਮੈਂਬਰ ਇਸ ਕਾਰਵਾਈ ਜਾਂ ਅਭਿਆਸ ਕਾਰਨ ਹੋਏ ਕਿਸੇ ਵੀ ਘਾਟੇ ਜਾਂ ਨੁਕਸਾਨ ਲਈ ਮੁਆਵਜ਼ਾ ਲੈਣ ਦੇ ਹੱਕਦਾਰ ਹਨ।

5. **ਇਹ ਨੋਟਿਸ ਕਿਉਂ ਜ਼ਰੂਰੀ ਹੈ**?

4. ਪ੍ਰਤੀਨਿੱਧੀ ਸ਼ਿਕਾਇਤ ਬਾਰੇ ਨਿਰਣਾ ਕਰਨ ਲਈ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਕੀ ਕੋਈ ਵੀ ਵਿਅਕਤੀ ਜਿਸ ਦੀ ਨਿੱਜੀ ਜਾਣਕਾਰੀ ਡਾਟਾ ਬਰੀਚ (Data Breach) ਵਿਚ ਛਾਪੀ ਗਈ ਸੀ, ਕਿਸੇ ਵੀ ਘਾਟੇ ਜਾਂ ਨੁਕਸਾਨ ਲਈ ਹੱਕਦਾਰ ਹੈ, ਕਮਿਸ਼ਨਰ ਨੂੰ ਤੁਹਾਡੀ ਜਾਣਕਾਰੀ ਦੀ ਲੋੜ ਹੈ।

5. ਜੇ ਤੁਸੀਂ ਇਸ ਡਾਟਾ ਬਰੀਚ ਤੋਂ ਪ੍ਰਭਾਵਿਤ ਹੋਏ ਸੀ ਅਤੇ ਹੇਠਾਂ ਦੱਸੇ ਗਏ ਅਨੁਸਾਰ ਜਾਣਕਾਰੀ ਮੁਹੱਈਆ ਨਹੀਂ ਕਰਦੇ, ਕਮਿਸ਼ਨਰ ਇਸ ਸਿੱਟੇ ਤੇ ਪਹੁੰਚ ਸਕਦਾ ਹੈ ਕਿ ਉਹ ਸੰਤੁਸ਼ਟ ਨਹੀਂ ਹੈ ਕਿ ਇਸ ਡਾਟਾ ਬਰੀਚ ਕਾਰਨ ਤੁਹਾਨੂੰ ਕਿਸੇ ਕਿਸਮ ਦਾ ਘਾਟਾ ਜਾਂ ਨੁਕਸਾਨ ਪਹੁੰਚਿਆ ਹੈ ਅਤੇ ਤੁਸੀਂ ਇਸ ਡਾਟਾ ਬਰੀਚ ਕਾਰਨ ਕੋਈ ਮੁਆਵਜ਼ਾ ਪ੍ਰਾਪਤ ਨਹੀਂ ਕਰ ਸਕਦੇ।

## 6. **ਮੈਨੂੰ ਕੀ ਕਰਨ ਦੀ ਲੋੜ ਹੈ**?

1. ਜੇ ਤੁਹਾਨੂੰ ਇਸ ਡਾਟਾ ਬਰੀਚ ਦੇ ਨਤੀਜੇ ਕਾਰਨ ਕੋਈ ਘਾਟਾ ਜਾਂ ਨੁਕਸਾਨ ਨਹੀਂ ਹੋਇਆ, ਤਾਂ ਤੁਸੀਂ ਕਿਸੇ ਮੁਆਵਜ਼ੇ ਦੇ ਹੱਕਦਾਰ ਨਹੀਂ ਹੋ ਸੱਕਦੇ ਅਤੇ ਤੁਸੀਂ ਇਸ ਨੋਟਿਸ ਨੂੰ ਨਜ਼ਰ ਅੰਦਾਜ਼ ਕਰ ਸਕਦੇ ਹੋ। .

2. ਜੇ ਤੁਹਾਨੂੰ ਵਿਸ਼ਵਾਸ ਹੈ ਕਿ ਇਸ ਡਾਟਾ ਬਰੀਚ ਦੇ ਨਤੀਜੇ ਵਜੋਂ ਤੁਹਾਨੂੰ ਕੋਈ ਘਾਟਾ ਜਾਂ ਨੁਕਸਾਨ ਪਹੁੰਚਿਆ ਹੇ, ਅਤੇ ਤੁਸੀਂ ਇਸ ਘਾਟੇ ਜਾਂ ਨੁਕਸਾਨ ਲਈ ਮੁਆਵਜ਼ੇ ਦੇ ਸੰਭਾਵਤ ਰੂਪ ਵਿੱਚ ਮੁਆਵਜ਼ਾ ਚਾਹੁੰਦੇ ਹੋ, ਤਾਂ ਤੁਹਾਨੂੰ ਕਮਿਸ਼ਨਰ ਨੂੰ ਉਸ **ਘਾਟੇ ਜਾਂ ਨੁਕਸਾਨ ਸਬੰਧੀ** ਜਾਣਕਾਰੀ ਦੇਣ ਦੀ ਲੋੜ ਹੈ। :

   2.1. ਤੁਹਾਨੂੰ ਉਹ ਸਾਰੀ ਜਾਣਕਾਰੀ ਮੁਹੱਈਆ ਕਰਨੀ ਚਾਹੀਦੀ ਹੈ ਜੋ ਤੁਸੀਂ ਸੋਚਦੇ ਹਿ ਕਿ ਤੁਹਾਡੇ ਵਲੋਂ ਪਾਏ ਗਏ ਉਸ ਘਾਟੇ ਜਾਂ ਨੁਕਸਾਨ ਸਬੰਧੀ ਢੁਕਦੀ ਹੈ।

   2.2. ਇਹ ਜਾਣਕਾਰੀ **ਤੁਹਾਡੇ ਆਪਣੇ ਸ਼ਬਦਾਂ ਵਿਚ** ਸੰਵਿਧਾਨਕ ਘੋਸ਼ਣਾ (statutory declaration) ਜਾਂ ਹਸਤਾਖਰ ਕੀਤੇ ਬਿਆਨ ਦੇ ਰੂਪ ਵਿਚ ਹੋ ਸਕਦੀ ਹੈ। ਸੰਵਿਧਾਨਕ ਘੋਸ਼ਣਾ ਜਾਂ ਇੱਕ ਹਸਤਾਖਰ ਕੀਤੇ ਆਮ ਫਾਰਮ (standard form) ਵਿੱਚਲੇ ਬਿਆਨ ਘੱਟ ਕੀਮਤੀ ਹੋਣਗੇ।.

   2.3. ਇਸ ਜਾਣਕਾਰੀ ਵਿੱਚ ਉਹ ਗਵਾਹੀ ਵੀ ਹੋ ਸਕਦੀ ਹੈ ਜੋ ਡਾਟਾ ਬਰੀਚ ਹੋਣ ਦੇ ਸਮੇਂ ਦੀ ਹੈ ਜਾਂ ਜਿਸ ਨੂੰ ਤੁਹਾਨੂੰ ਡਾਟਾ ਬਰੀਚ ਬਾਰੇ ਪਹਿਲਾਂ ਪਤਾ ਲੱਗਾ ਸੀ, ਜਿਵੇਂ ਕਿ ਮੈਡੀਕਲ ਰੀਪੋਟਾਂ, ਜਿਨ੍ਹਾਂ ਵਿੱਚ ਵੇਰਵੇ ਮੌਜੂਦ ਹਨ ਕਿ ਡਾਟਾ ਬਰੀਚ ਦੇ ਹੋਣ ਬਾਰੇ ਪਤਾ ਲੱਗਣ ਬਾਅਦ ਤੁਸੀਂ ਕਿਵੇਂ ਮਹਿਸੂਸ ਕੀਤਾ ਜਾਂ ਕੀ ਪ੍ਰਤੀਕ੍ਰਿਆ ਕੀਤੀ ਅਤੇ ਤੁਹਾਡਾ ਕੀ ਇਲਾਜ ਕੀਤਾ ਗਿਆ। ਇਸ ਨੋਟਿਸ ਦੀ ਮਿਤੀ ਤੋਂ ਬਾਅਦ ਤਿਆਰ ਕੀਤੀਆਂ ਰੀਪੋਟਾਂ ਨੂੰ ਘੱਟ ਤਰਜੀਹ ਦਿੱਤੀ ਜਾਵੇਗੀ।

   2.4. ਤੁਹਾਡੇ ਵਲੋਂ ਲਿਖੀਆਂ ਚਿੱਠੀਆਂ ਜੋ ਤੁਹਾਡੇ ਆਪਣੇ ਸ਼ਬਦਾਂ ਵਿੱਚ ਨਹੀਂ ਹਨ ਨੂੰ ਘੱਟ ਤਰਜੀਹ ਦਿੱਤੀ ਜਾਵੇਗੀ।

   2.5. ਕਮਿਸ਼ਨਰ ਹੇਠ ਦਿੱਤੀ ਮਿਤੀ ਤੋਂ ਬਾਅਦ ਦਿੱਤੀ ਜਾਣਕਾਰੀ ਨੂੰ ਸ਼ਾਇਦ ਨਾ ਵਿਚਾਰੇ।

3. ਤੁਹਾਨੂੰ ਇਹ ਜਾਣਕਾਰੀ ਜਵਾਬਦੇਹੀ ਫਾਰਮ (Response Form) ਦੇ ਰਾਹੀਂ ਦੁਆਰਾ ਇਸ ਪਤੇ ਅਪਲੋਡ ਕਰਨ ਦੀ ਲੋੜ ਹੈ [oaic.gov.au/repcomplaint](oaic.gov.au/repcomplaint). ਤੁਸੀਂ ਜਾਣਕਾਰੀ ਨੂੰ ਇਸ ਪਤੇ ‘ਤੇ ਵੀ ਭੇਜ ਸਕਦੇ ਹੋ [repcomplaint@oaic.gov.au](mailto:repcomplaint@oaic.gov.au) ਜਾਂ GPO Box 5218, Sydney NSW 2001 ਨੂੰ। ਤੁਹਾਨੂੰ ਕਾਫੀ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੈ (ਜਿਸ ਵਿੱਚ ਤੁਹਾਡਾ ਪੂਰਾ

ਨਾਮ ਅਤੇ ਜਨਮ ਦੀ ਮਿਤੀ, ਅਤੇ  ਇਮੀਗ੍ਰੇਸ਼ਨ ਮਹਿਕਮੇ ਦਾ ਢੁਕਵਾਂ ਸ਼ਨਾਖਤੀ ਨੰਬਰ) ਜਿਹੜਾ OAIC ਅਤੇ ਮਹਿਕਮੇ ਨੂੰ ਤੁਹਾਡੀ ਸ਼ਨਾਖਤ ਕਰਨ ਵਿੱਚ ਸਹਾਈ ਹੋਵੇਗਾ।

4. ਕੋਈ ਵੀ ਜਾਣਕਾਰੀ ਤੁਹਾਨੂੰ **19 ਅਪਰੈਲ  2018 ਨੂੰ ਸ਼ਾਮ ਦੇ 4.00 ਵਜੇ ਤੱਕ ਭੇਜਣੀ ਚਾਹੀਦੀ ਹੈ**:

7. **ਪ੍ਰਤੀਨਿੱਧ ਸ਼ਿਕਾਇਤ ਨਾ ਕਰਨ ਦਾ ਫੈਂਸਲਾ ਨਾ ਲੈਣਾ**

5. ਜੇ ਤੁਸੀਂ ਕੀਤੀ ਜਾ ਰਹੀ ਪ੍ਰਤੀਨਿੱਧ ਸ਼ਿਕਾਇਤ ਲਈ ਆਪਣੀ ਸਹਿਮਤੀ ਨਹੀਂ ਦਿੰਦੇ ਅਤੇ ਇਸ ਦਾ ਹਿੱਸਾ ਨਹੀਂ ਬਣਨਾ ਚਾਹੁੰਦੇ, ਤਾਂ ਤੁਸੀਂ ਕਿਸੇ ਵੀ ਸਮੇਂ OAIC ਦੀ ਇਸ ਵੈਬਸਾਈਟ oaic.gov.au/repcomplaint ‘ਤੇ ਜਾ ਕੇ ਜਵਾਬਦੇਹੀ ਫਾਰਮ (Response Form) ਭਰ ਕੇ ਇਸ ਪ੍ਰਤੀਨਿੱਧਿ ਸ਼ਿਕਾਇਤ ਤੋਂ ਬਾਹਰ ਰਹਿਣ ਦੀ ਚੋਣ ਕਰ ਸਕਦੇ ਹੋ।

6. ਡਾਟਾ ਬਰੀਚ ਦੇ ਸੰਬੰਧ ਵਿੱਚ ਬਾਹਰ ਰਹਿਣ (opting out) ਦਾ ਇਰਾਦਾ  ਤੁਹਾਡੀ ਮੁਆਵਜ਼ਾ ਪ੍ਰਾਪਤ ਕਰਨ ਦੀ ਯੋਗਤਾ ਨੂੰ ਪਰਭਾਵਿਤ ਕਰ ਸਕਦਾ ਹੈ। ਕਿਰਪਾ ਕਰ ਕੇ ਜਵਾਬਦੇਹੀ ਫਾਰਮ ‘ਤੇ ਦਿਤੀ ਜਾਣਕਾਰੀ ਨੂੰ ਧਿਆਨ ਨਾਲ ਪੜ੍ਹੋ

(7.a) **ਸਹਾਇਤਾ ਲਈ ਸਵਾਲ**

8. ਜੇ ਤੁਹਾਨੂੰ ਇਸ ਨੋਟਿਸ ਨੂੰ ਸਮਝਣ ਲਈ ਜਾਂ ਇਸ ਦਾ ਜਵਾਬ ਦੇਣ ਲਈ ਸਹਾਇਤਾ ਚਾਹੀਦੀ ਹੈ, ਤਾਂ ਕਿਰਪਾ ਕਰਕੇ  OAIC ਨਾਲ ਇਸ ਨੰਬਰ ‘ਤੇ ਸੰਪਰਕ ਕਰੋ 1300 363 992 ਜਾਂ ਉਨ੍ਹਾਂ ਨੂੰ ਇਸ ਪਤੇ ‘ਤੇ ਈਮੇਲ ਕਰੋ repcomplaint@oaic.gov.au.

ਨੋਟ**:** ਐਕਟਿੰਗ ਕਮਿਸ਼ਨਰ ਨੇ **31** ਜਨਵਰੀ **2014** ਨੂੰ ਇਮੀਗਰੇਸ਼ਨ ਰੋਕਥਾਮ ਵਿਚਲੇ ਸਾਰੇ ਵਿਅਕਤੀਆਂ

ਨੂੰ ਨੋਟਿਸ ਦਾ ਜਵਾਬ ਦੇਣ ਲਈ ਸਮੂਹ ਦੇ ਮੈਂਬਰਾਂ ਲਈ ਇਕ ਹੋਰ **14** ਹਫਤੇ ਦਾ ਸਮਾਂ ਵਧਾ ਦਿੱਤਾ ਹੈ।

ਸਬਮਿਸ਼ਨ ਲਈ ਆਖਰੀ ਮਿਤੀ ਹੁਣ **19** ਅਕਤੂਬਰ **2018** ਨੂੰ **4.00** ਵਜੇ ਹੈ। ਇਹ ਅੰਦਾਜ਼ਾ ਨਹੀਂ ਲਗਾਇਆ ਗਿਆ ਹੈ ਕਿ ਸਮੇਂ ਨੂੰ ਇਹ ਅੰਦਾਜ਼ਾ ਨਹੀਂ ਲਗਾਇਆ ਗਿਆ ਹੈ ਕਿ ਇਸ ਸਮੇਂ ਨੂੰ ਅੱਗੇ ਵਧਾਉਣ ਲਈ ਪ੍ਰਵਾਨਗੀ ਦਿੱਤੀ ਜਾਵੇਗੀ

**Translated from English to Punjabi**

**Harjeet Randhawa**

**NAATI No. 27532**

7 August 2018